# 16

# ਯਿਸੂ ਦਾ ਜੀ ਉੱਠਣਾ

## ਮੱਤੀ 28; ਮਰਕੁਸ 16; ਲੂਕਾ 24; ਯੂਹੰਨਾ 20; 21

*‘‘ਪਰ ਦੂਤ ਨੇ ਅੱਗੋਂ ਤੀਵੀਆਂ ਨੂੰ ਕਿਹਾ, ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਯਿਸੂ ਨੂੰ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਭਾਲਦੀਆਂ ਹੋ। ਉਹ ਐਥੇ ਹੈ ਨਹੀਂ ... ਉਹ ਜੀ ਉੱਠਿਆ ਹੈ। ... ਅਰ ਛੇਤੀ ਜਾਕੇ ਉਹ ਦੇ ਚੇਲਿਆਂ ਨੂੰ ਆਖੋ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ...’’ (ਮੱਤੀ 28:5-7)।*

ਐਤਵਾਰ ਨੂੰ ਕਬਰ ਖਾਲੀ ਸੀ। ਫ਼ਰਿਸ਼ਤੇ ਨੇ ਪੁੱਛਿਆ, ‘‘ਤੁਸੀਂ ਜੀਉਂਦੇ ਨੂੰ ਮੋਇਆਂ ਵਿਚ ਕਿਉਂ ਭਾਲਦੀਆਂ ਹੋ? ਉਹ ਐੱਥੇ ਹੈ ਨਹੀਂ ਬਲਕਿ ਜੀ ਉੱਠਿਆ ਹੈ’’ (ਲੂਕਾ 24:5, 6)। ਜੇ ਕਬਰ ਖਾਲੀ ਨਾ ਹੁੰਦੀ ਤਾਂ ਦੁਨੀਆਂ ਨੂੰ ਕਦੇ ਯਿਸੂ ਬਾਰੇ ਸੁਣਨ ਨੂੰ ਨਹੀਂ ਮਿਲਣਾ ਸੀ। ਜੀ ਉੱਠਣਾ ਉਹ ਸਾਫ਼ ਫ਼ਰਕ ਹੈ ਜੋ ਮਸੀਹੀਅਤ ਨੂੰ ਦੂਜੇ ਸਭ ਧਰਮਾਂ ਤੋਂ ਵੱਖ ਕਰਦਾ ਹੈ!

ਯਿਸੂ ਵਿਚ ਨਾ ਤਾਂ ਜਾਨ ਪਈ ਸੀ, ਨਾ ਉਹਦਾ ਦੁਬਾਰਾ ਜਨਮ ਹੋਇਆ ਸੀ ਅਤੇ ਨਾ ਉਹ ਨਵੇਂ ਸਿਰਿਓਂ ਬਣਾਇਆ ਗਿਆ, ਬਲਕਿ ਉਹ ਜੀ ਉੱਠਿਆ ਸੀ। ਉਹ ‘‘ਮੌਤ ਵਿੱਚੋਂ ਦੀ ਜਾ ਕੇ ਇਕ ਨਵੀਂ ਦੁਨੀਆਂ ਵਿਚ ਗਿਆ, ਜੋ ਨਵੀਂ ਅਤੇ ਮੌਤ ਰਹਿਤ ਸ੍ਰਿਸ਼ਟੀ ਹੈ, ਥੋੜੇ ਬਹੁਤ ਕਾਇਆ ਪਲਟ ਦੇ ਬਾਵਜੂਦ ਉਹ ਸਰੀਰਕ ਹੀ ਸੀ.’’[1] ਮਸੀਹੀਅਤ ਦਾ ਦਾਅਵਾ ਹੈ ਕਿ ਯਿਸੂ ਨਾਲ ਕੁਝ ਅਜਿਹਾ ਹੋਇਆ ਜੋ ਇਤਿਹਾਸ ਵਿਚ ਕਿਸੇ ਹੋਰ ਨਾਲ ਨਹੀਂ ਹੋਇਆ। ਸਾਡੀ ਮਸੀਹੀ ਉਮੀਦ ਸਿਰਫ ਰੂਹ ਦੇ ਅਮਰ ਰਹਿਣ ਵਿਚ ਨਹੀਂ ਹੈ, ਬਲਕਿ ਸਾਡੀਆਂ ਦੇਹਾਂ ਦੇ ਜੀ ਉੱਠਣ ਅਤੇ ਬਦਲ ਜਾਣ ਵਿਚ ਹੈ।

ਬਹੁਤ ਸਾਰੇ ਧਰਮਾਂ ਵਿਚ ਧਰਮ ਅਸਥਾਨ ਮੰਨੇ ਜਾਂਦੇ ਹਨ ਪਰ ਮਸੀਹੀਅਤ ਦਾ ਕੋਈ ਧਰਮ ਸਥਾਨ ਨਹੀਂ। ਹੋਰਨਾਂ ਧਰਮਾਂ ਵਿਚ ਕਬਰਾਂ ਹੁੰਦੀਆਂ ਹਨ ਪਰ ਮਸੀਹੀਅਤ ਵਿਚ ਨਹੀਂ। ‘‘ਮੁਰਦਾ ਮੁਕਤੀਦਾਤਾ’’ ਕਿਸ ਕੰਮ ਦਾ ਹੈ?

ਕਿਸੇ ਨੇ ਜੀ ਉੱਠਣ ਦੀ ਗਵਾਹੀ ਨਹੀਂ ਦਿੱਤੀ। ਉੱਥੇ ਕੌਣ *ਸੀ*? ਭਲਾ ਖ਼ੁਦਾ *ਉੱਥੇ* ਸੀ? ਖ਼ੁਦਾ ਨੇ ਯਿਸੂ ਨੂੰ ਜ਼ਿੰਦਾ ਕੀਤਾ।[2] ਭਲਾ ਪਵਿੱਤਰ ਆਤਮਾ ਉੱਥੇ ਸੀ? ਪੌਲੁਸ ਨੇ ਕਿਹਾ ਕਿ ਆਤਮਾ ਨੇ ਯਿਸੂ ਨੂੰ ਜਿਵਾਇਆ (ਰੋਮੀਆਂ 8:10, 11)। ਭਲਾ ਫ਼ਰਿਸ਼ਤੇ ਉੱਥੇ ਸਨ? ਸਾਨੂੰ ਨਹੀਂ ਪਤਾ। ਆਦਮੀ ਨਹੀਂ ਸੀ! ਖਾਲੀ ਕਬਰ ਕਰਕੇ ਮਸੀਹੀ ਲੋਕ ਯਿਸੂ ਨੂੰ ਖ਼ੁਦਾ ਦਾ ਬੇਟਾ ਮੰਨਦੇ ਹਨ! ਜੇ ਯਿਸੂ ਦੀ ਲਾਸ਼ ਦੀ ਇਕ ਵੀ ਹੱਡੀ ਮਿਲ ਜਾਂਦੀ ਤਾਂ ਮਸੀਹੀਅਤ ਪੂਰੀ ਤਰ੍ਹਾਂ ਖ਼ਤਮ ਹੋ ਜਾਣੀ ਸੀ। ਪੌਲੁਸ ਨੇ ਕਿਹਾ, ‘‘ਤਾਂ ਜੋ ਮੈਂ ਉਹਨੂੰ ਅਤੇ ਉਹਦੇ ਜੀ ਉੱਠਣ ਦੀ ਸ਼ਕਤੀ

ਨੂੰ ਜਾਣ ਲਵਾਂ'' (ਫ਼ਿਲਿੱਪੀਆਂ 3:10)। ਯਿਸੂ ਜਿਸਮਾਨੀ ਮੌਤ ਮਰਿਆ ਸੀ ਅਤੇ ਜੀ ਵੀ ਉੱਠਿਆ ਸੀ। ਇਹਦਾ ਮਤਲਬ ਇਹ ਹੈ ਕਿ ਉਹ ਅੱਜ ਜ਼ਿੰਦਾ ਹੈ। ਇਹਦਾ ਮਤਲਬ ਇਹ ਵੀ ਹੈ ਕਿ ਅਸੀਂ ਉਹਦੇ 'ਤੇ ਵਿਸ਼ਵਾਸ ਕਰਕੇ ਅੱਜ ਉਹਦੀ ਗੱਲ ਮੰਨ ਸਕਦੇ ਹਾਂ। ਇੰਜੀਲ ਦਾ ਪੈਗਾਮ ਇਹੀ ਹੈ! ਮਸੀਹੀ ਉਮੀਦ ਮੌਤ ਦੇ ਬਾਅਦ ਜ਼ਿੰਦਗੀ ਨਹੀਂ ਬਲਕਿ ਜ਼ਿੰਦਗੀ ਹੈ, *ਇਹ ਗੱਲ* ਹੈ! ਉਹਨੇ ਕਿਹਾ, ''ਜੀ ਉੱਠਣ ਅਤੇ ਜ਼ਿੰਦਗੀ ਮੈਂ ਹਾਂ ...'' (ਯੂਹੰਨਾ 11:25, 26); ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ'' (ਯੂਹੰਨਾ 14:6)।

ਜੀ ਉੱਠਣਾ ਜੇ ਸਚਮੁਚ ਨਹੀਂ ਹੋਇਆ ਤਾਂ ਇਹ ਫ਼ਜ਼ੂਲ ਹੈ। ਯਿਸੂ ਝੂਠਾ, ਫ਼ਰੇਬੀ ਜਾਂ ਧੋਖੇਬਾਜ਼ ਨਹੀਂ ਹੈ। ਸਲੀਬ ਕੋਈ ਕਲਪਨਾ ਨਹੀਂ ਹੈ ਨਾ ਇਹ ਮਿਥਿਹਾਸ ਜਾਂ ਰੂਪਕ ਹੈ। ਉਹਦੀ ਮੌਤ, ਦਫ਼ਨਾਏ ਜਾਣਾ ਅਤੇ ਜੀ ਉੱਠਣਾ ਹਕੀਕਤ 'ਚ ਹੋਇਆ। ਯਿਸੂ ਇਤਿਹਾਸਕ ਹੈ। ਮਸੀਹੀ ਲੋਕਾਂ ਦੀ ਕੋਈ ਮੜ੍ਹੀ ਜਾਂ ਕਬਰ ਇਸ ਕਰਕੇ ਨਹੀਂ ਹੈ ਕਿਉਂਕਿ ਮਸੀਹ ਦੀ ਕਬਰ ਖਾਲੀ ਹੈ। ਕਿਸੇ ਨੇ ਇਸ ਤੋਂ ਇਨਕਾਰ ਨਹੀਂ ਕੀਤਾ ਕਿ ਉਹਦੀ ਕਬਰ ਖਾਲੀ ਸੀ!

## ਦਫ਼ਨਾਇਆ ਜਾਣਾ

ਜੇ ਸ਼ੈਤਾਨ ਨੇ ਨਰਕ ਵਿਚ ਕਦੇ ਕੋਈ ਦਾਅਵਤ ਕੀਤੀ ਹੋਵੇਗੀ ਤਾਂ ਉਹ ਜ਼ਰੂਰ ਇਸ ਪਸਾਹ ਦੇ ਸੱਬਤ ਵਾਲੇ ਦਿਨ ਹੋਵੇਗੀ ਜਦ ਯਿਸੂ ਇਕ ਲਾਸ਼ ਸੀ। ਯਿਸੂ ਦੇ ਜੀ ਉੱਠਣ ਨਾਲ ਸ਼ੈਤਾਨ ਦੀ ਮੌਜ-ਮਸਤੀ ਖ਼ਤਮ ਹੋ ਗਈ ਅਤੇ ਹਮੇਸ਼ਾ ਹਮੇਸ਼ਾ ਲਈ ਪੂਰੀ ਦੁਨੀਆ ਵਿਚ ਸੁਰਗੀ ਆਨੰਦ ਦੇ ਦਿੱਤਾ ਗਿਆ।

ਇੰਜੀਲ ਦਾ ਪੈਗ਼ਾਮ ਮਸੀਹ ਦੀ ਮੌਤ, *ਦਫ਼ਨਾਇਆ ਜਾਣਾ* ਅਤੇ ਜੀ ਉੱਠਣਾ ਹੈ (1 ਕੁਰਿੰਥੀਆਂ 15:1-4)। ਸਾਨੂੰ ਮੌਤ ਅਤੇ ਜੀ ਉੱਠਣ ਦੀ ਗੱਲ 'ਤੇ ਵਿਚਾਰ ਕਰਕੇ ਦਫ਼ਨਾਏ ਜਾਣ ਨੂੰ ਛੱਡ ਨਹੀਂ ਦੇਣਾ ਚਾਹੀਦਾ। ਦਫ਼ਨਾਏ ਜਾਣ ਵਾਸਤੇ ਮੌਤ ਜ਼ਰੂਰੀ ਹੁੰਦੀ ਹੈ। ਨਾਸਤਿਕ ਲੋਕ ਬਨਾਵਟੀ ਕਹਾਣੀਆਂ ਦੱਸਦੇ ਹਨ ਕਿ ਯਿਸੂ ਬੇਹੋਸ਼ ਹੋ ਗਿਆ ਸੀ ਜਾਂ ਉਹ ਕੋਮਾ ਵਿਚ ਚਲਿਆ ਗਿਆ ਸੀ, ਅਤੇ ਉਹਨੇ ਅਧਿਕਾਰੀਆਂ ਨੂੰ ਚਕਮਾ ਦਿੱਤਾ ਸੀ। ਫ਼ਰਿਸ਼ਤਿਆਂ ਨੇ ਧਿਆਨ ਦਵਾਇਆ ਸੀ ਕਿ ਯਿਸੂ ਦੀ ਲਾਸ਼ ਕਿੱਥੇ ਹੈ (ਮੱਤੀ 28:6; ਮਰਕੁਸ 16:6)। ਜੀ ਉੱਠਣ ਲਈ ਮੌਤ ਅਤੇ ਦਫ਼ਨਾਏ ਜਾਣਾ ਜ਼ਰੂਰੀ ਸੀ। ਦਫ਼ਨਾਏ ਜਾਣ ਲਈ ਲਾਸ਼ ਜ਼ਰੂਰੀ ਸੀ।

ਦਫ਼ਨਾਇਆ ਜਾਣਾ ਇਸ ਗੱਲ ਦੀ ਪੁਕਾਰ ਕਰਦਾ ਹੈ, ''ਸੱਭ ਕੁਝ ਖ਼ਤਮ ਹੋ ਗਿਆ। ਮੌਤ ਜਿੱਤ ਗਈ ਅਤੇ ਜ਼ਿੰਦਗੀ ਹਾਰ ਗਈ।'' ਸ਼ੁੱਕਰਵਾਰ ਵਾਲੇ ਦਿਨ ਹਾਲਾਤ ਇਹੀ ਲੱਗ ਰਹੇ ਹੋ ਸਕਦੇ ਹਨ, ਪਰ ਜੀ ਉੱਠਣਾ ਐਤਵਾਰ ਵਾਲੇ ਦਿਨ ਹੋਇਆ!

ਯਿਸੂ ਦਾ ''ਪਹਿਲਾਂ ਤੋਂ ਠਹਿਰਾਇਆ ਜਨਾਜ਼ਾ'' ਨਹੀਂ ਹੋਇਆ। ਨਾ ਉਹਦੇ ਪਰਿਵਾਰ ਵਿੱਚੋਂ ਅਤੇ ਨਾ ਉਹਦੇ ਰਸੂਲਾਂ ਵਿੱਚੋਂ ਕਿਸੇ ਨੇ ਉਹਨੂੰ ਦਫ਼ਨਾਇਆ। ਖ਼ੁਦਾ ਦੇ ਇੰਤਜ਼ਾਮ 'ਤੇ ਹੈਰਾਨ ਹੋਣਾ ਜ਼ਰੂਰੀ ਹੈ! ਮਸੀਹ ਮਰਿਆ ਤਾਂ ਇਕ ਕੰਗਾਲ ਦੀ ਮੌਤ ਪਰ ਦਫ਼ਨਾਇਆ ਬਾਦਸ਼ਾਹ ਵਾਂਗ ਗਿਆ। ਅਰਿਮਥੈਆ ਦੇ ਯੂਸੁਫ਼ ਅਤੇ ਨਿਕੁਦੇਮੁਸ ਨੇ ਕੁਝ ਔਰਤਾਂ ਦੀ ਮਦਦ ਨਾਲ ਯਿਸੂ ਦੀ ਲਾਸ਼ ਨੂੰ ਮਲਮਲ ਨਾਲ ਲਪੇਟਿਆ ਅਤੇ ਕੀਮਤੀ ਮਸਾਲੇ ਲਾ ਕੇ ਇਕ ਨਵੀਂ ਕਬਰ ਵਿਚ ਦਫ਼ਨਾ ਦਿੱਤਾ (ਮੱਤੀ 27:57-61; ਮਰਕੁਸ 15:42-47; ਲੂਕਾ 23:50-56; ਯੂਹੰਨਾ 19:38-42)। ਖ਼ੁਦਾ ਆਪਣੇ ਲੋਕਾਂ ਦੀ ਸੰਭਾਲ ਕਰਦਾ ਹੈ!

ਦਫ਼ਨਾਇਆ ਉਹਨੂੰ ਹੀ ਜਾਂਦਾ ਹੈ ਜੋ ਮਰ ਗਿਆ ਹੋਵੇ। ਪਿਲਾਤੁਸ, ਯੂਸਫ਼, ਨਿਕੁਦੇਮੁਸ

ਅਤੇ ਔਰਤਾਂ ਨੂੰ ਪਤਾ ਸੀ ਕਿ ਯਿਸੂ ਮਰ ਗਿਆ ਹੈ। ਯਿਸੂ ਦੀ ਸਭ ਤੋਂ ਬੁਨਿਆਦੀ ਅਤੇ ਮੰਨਣਯੋਗ ਗੱਲ ਉਹਦੀ ਮੌਤ ਹੈ।

## ਤਿੰਨ ਦਿਨ

ਐਤਵਾਰ ਭਾਵ ਜੀ ਉੱਠਣ ਵਾਲੇ ਦਿਨ ਤੋਂ ਪਿੱਛੇ ਨੂੰ ਤਿੰਨ ਦਿਨ ਗਿਣਦਿਆਂ ਕੁਝ ਲੋਕ ਇਹ ਹਿਸਾਬ ਲਾਉਂਦੇ ਹਨ ਕਿ ਯਿਸੂ ਬੁੱਧਵਾਰ ਵਾਲੇ ਦਿਨ ਸਲੀਬ 'ਤੇ ਚੜ੍ਹਾਇਆ ਗਿਆ ਸੀ। ਹਫ਼ਤੇ ਵਿਚ ਐਨਾ ਪਿੱਛੇ ਜਾਣ ਨਾਲ ਇੰਜੀਲ ਦੀਆਂ ਕਿਤਾਬਾਂ ਵਿਚ ਲਿਖੀਆਂ ਯਿਸੂ ਦੀਆਂ ਆਖ਼ਰੀ ਗਤੀਵਿਧੀਆਂ ਨਾਲ ਦਖ਼ਲਅੰਦਾਜੀ ਹੁੰਦੀ ਹੈ। ਵੀਰਵਾਰ ਸਲੀਬ ਚੜ੍ਹਾਏ ਜਾਣ ਦੀ ਸਿੱਖਿਆ ਵੀ ਮਸਲਾ ਹੱਲ ਕਰਨ ਦੀ ਬਜਾਏ ਕੁਝ ਮੁਸ਼ਕਲਾਂ ਖੜੀਆਂ ਕਰ ਦਿੰਦੀ ਹੈ। ਬਾਈਬਲ ਦੱਸਦੀ ਹੈ ਕਿ ਉਹ ''ਤੀਜੇ ਦਿਨ'' ਜੀ ਉੱਠਿਆ ਸੀ ਨਾ ਕਿ ''ਚੌਥੇ ਦਿਨ'' ਜਾਂ ''ਪੰਜਵੇਂ ਦਿਨ।'' ਸਦੀਆਂ ਤੋਂ ਉਹਦੀ ਮੌਤ ਦੇ ਦਿਨ ਦੇ ਤੌਰ 'ਤੇ ਸ਼ੁੱਕਰਵਾਰ ਨੂੰ ਹੀ ਮੰਨਿਆ ਜਾਂਦਾ ਰਿਹਾ ਹੈ। ਕਈ ਤਾਂ ਇਸ ਨੂੰ ''ਗੁੱਡ ਫ਼ਰਾਈਡੇ'' ਜਾਂ ਮੁਬਾਰਕ ਜੁੰਮਾ ਆਖਦੇ ਹਨ।

ਯਿਸੂ ਨੇ ਯੋਨਾਹ ਦੇ ਸਬੰਧ ਵਿਚ ਤਿੰਨ ਦਿਨਾਂ ਅਤੇ ਤਿੰਨ ਰਾਤਾਂ ਦੀ ਗੱਲ ਕੀਤੀ ਹੈ (ਮੱਤੀ 12:40), ਪਰ ਇਹ ਸੰਕੇਤਕ ਲਗਦਾ ਹੈ ਨਾ ਕਿ ਸ਼ਬਦੀ ਅਰਥ ਮੁਤਾਬਕ। ਜੇ ਉਹਨੇ ਕਬਰ ਵਿਚ ਤਿੰਨ ਦਿਨ ਅਤੇ ਤਿੰਨ ਰਾਤਾਂ ਕੱਟੀਆਂ ਤਾਂ ਜੀ ਉੱਠਣਾ ''ਚੌਥੇ'' ਜਾਂ ''ਪੰਜਵੇਂ'' ਦਿਨ ਹੋਇਆ ਹੋਵੇਗਾ। ਯਹੂਦੀ ਗਣਨਾ ਮੁਤਾਬਕ ਸ਼ੁੱਕਰਵਾਰ ਤੋਂ ਐਤਵਾਰ ਤਕ ਤਿੰਨ ਦਿਨ ਬਣਦੇ ਹਨ। ਯਹੂਦੀ ਆਗੂਆਂ ਨੂੰ ਇਹਦਾ ਪਤਾ ਸੀ (ਮੱਤੀ 27:63)। ਉਨ੍ਹਾਂ ਨੇ ਪਿਲਾਤੁਸ ਨੂੰ ਕਾਰਵਾਈ ਕਰਨ ਲਈ ਆਖਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਹੈ। ਰਸੂਲਾਂ ਨੂੰ ਇਹ ਗੱਲ ਉਹਦੇ ਜੀ ਉੱਠਣ ਦੇ ਬਾਅਦ ਯਾਦ ਆਈ (ਲੂਕਾ 24:8; ਯੂਹੰਨਾ 2:18-22)। ਉਦੋਂ ਉਨ੍ਹਾਂ ਨੂੰ ਸਮਝ ਆਈ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਸੀ।

ਉਸ ਸਾਊ ਯਿਸੂ ਦੇ ਉਲਟ ਜਿਹਦੀ ਤਸਵੀਰ ਅਸਾਂ ਆਪਣੇ ਮਨਾਂ ਵਿਚ ਬਣਾਈ ਹੈ, ਯਿਸੂ ਨੇ ਹੈਰੋਦੇਸ ਬਾਰੇ ਬੜੀ ਸਖ਼ਤੀ ਨਾਲ ਗੱਲ ਕੀਤੀ ਸੀ: ''ਤੁਸੀਂ ਜਾ ਕੇ ਉਸ ਲੂੰਬੜੀ ਨੂੰ ਕਹੋ ਭਈ ਵੇਖ ਮੈਂ ਅੱਜ ਅਰ ਕੱਲ੍ਹ ਭੂਤਾਂ ਨੂੰ ਕੱਢਦਾ ਅਤੇ ਨਰੋਆ ਕਰਦਾ ਹਾਂ ਅਰ *ਤੀਏ ਦਿਨ* ਪੂਰਾ ਹੋ ਜਾਵਾਂਗਾ'' (ਲੂਕਾ 13:32)। ਉਹਨੇ ਸਚਮੁਚ ਤੀਜੇ ਦਿਨ ਭਾਵ ਐਤਵਾਰ ਵਾਲੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਣ ਤੇ ਆਪਣੀ ਮੰਜ਼ਿਲ ਪਾ ਲਈ ਸੀ!

## ਜੀ ਉੱਠਣ ਦੇ ਪੱਕੇ ਸਬੂਤ

''ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪ੍ਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ ਚਾਹਲੀਆਂ ਦਿਨਾਂ ਤੀਕ ਉਨ੍ਹਾਂ ਨੂੰ ਦਰਸ਼ਣ ਦਿੰਦਾ ਅਤੇ ਪ੍ਰਮੇਸ਼ਵਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ'' (ਰਸੂਲਾਂ ਦੇ ਕੰਮ 1:3) । ਮਸੀਹੀਅਤ ਠੋਸ ਅਤੇ ਭਰੋਸੇਯੋਗ ਸਬੂਤ 'ਤੇ ਬਣੀ ਹੈ। ਜੇ ਯਿਸੂ ਆਪਣੀ ਮੌਤ ਦਾ ਕੁਝ ਨਹੀਂ ਕਰ ਸਕਦਾ ਤਾਂ ਭਾਂਵੇਂ ਉਹ ਹੋਰ ਕੁਝ ਵੀ ਕਰ ਲਵੇ ਉਹਦਾ ਕੋਈ ਮਤਲਬ ਨਹੀਂ ਹੋਵੇਗਾ। ਰਸੂਲਾਂ ਦੇ ਕੰਮ ਦੀ ਕਿਤਾਬ ਜੀ ਉੱਠਣ 'ਤੇ ਬਹਿਸ ਨਹੀਂ ਕਰਦੀ ਬਲਕਿ ਉਹਦਾ ਐਲਾਨ ਕਰਦੀ ਹੈ! ਮੁਰਦਾ ਮੁਕਤੀਦਾਤੇ ਨੇ ਮਸੀਹੀਅਤ ਨਹੀਂ ਬਣਾਈ ਹੈ। ਲੇਮਨ ਐਬੱਟ ਨੇ ਕਿਹਾ, ''ਯਿਸੂ ਮਸੀਹ ਦਾ ਜੀ ਉੱਠਣਾ ਇਤਿਹਾਸ ਦਾ ਸਭ ਤੋਂ ਬੇਹਤਰੀਨ ਪ੍ਰਮਾਣਿਤ ਸਬੂਤ ਹੈ।''[3]

ਯਹੂਦੀ ਸ਼ਰ੍ਹਾ ਨੇ ਹਾਲਾਤ ਦੇ ਸਬੂਤ ਨੂੰ ਨਹੀਂ ਮੰਨਿਆ ਸੀ। ਫ਼ੈਸਲੇ ਦੋ ਜਾਂ ਵੱਧ ਗਵਾਹੀਆਂ ਦੇ ਅਧਾਰ 'ਤੇ ਦਿੱਤੇ ਗਏ ਸਨ (2 ਕੁਰਿੰਥੀਆਂ 13:1)। ਖ਼ੁਦਾ ਨੇ ਗਵਾਹੀਆਂ ਨੂੰ ਵਚਨ ਵਿਚ ਕਾਫ਼ੀ ਥਾਂ ਦਿੱਤੀ। ਜੀ ਉੱਠਣਾ ਕਿਸੇ ਵੀ ਅਦਾਲਤ ਵਿਚ ਝੁਠਲਾਇਆ ਨਹੀਂ ਜਾਵੇਗਾ।

(1) *ਦੁਸ਼ਮਣ।* ਜਿਨ੍ਹਾਂ ਚੇਲਿਆਂ ਨੂੰ ਵਿਸ਼ਵਾਸ ਕਰਨਾ ਚਾਹੀਦਾ ਸੀ ਉਨ੍ਹਾਂ ਨੇ ਸ਼ੱਕ ਕੀਤਾ ਜਦਕਿ ਜਿਨ੍ਹਾਂ ਦੁਸ਼ਮਣਾਂ ਨੂੰ ਸ਼ੱਕ ਕਰਨਾ ਚਾਹੀਦਾ ਸੀ ਉਨ੍ਹਾਂ ਨੇ ਵਿਸ਼ਵਾਸ ਕੀਤਾ। ਉਨ੍ਹਾਂ ਨੇ ਪਿਲਾਤੁਸ ਨੂੰ ਖ਼ਬਰਦਾਰ ਕੀਤਾ ਕਿ ਯਿਸੂ ਨੇ ਵਾਅਦਾ ਕੀਤਾ ਸੀ ਕਿ ਉਹ ਤਿੰਨ ਦਿਨਾਂ ਵਿਚ ਜੀ ਉੱਠੇਗਾ। ਪਿਲਾਤੁਸ ਨੇ ਕਿਹਾ, ''... ਜਾਓ, ਜਿਸ ਤਰ੍ਹਾਂ ਠੀਕ ਸਮਝੋ [ਕਬਰ]ਦੀ ਰਾਖੀ ਕਰੋ'' (ਮੱਤੀ 27:65)। ਕਬਰ ਦੇ ਸਾਹਮਣੇ ਇਕ ਵੱਡਾ ਪੱਥਰ ਰੱਖ ਕੇ ਉਹਦੇ 'ਤੇ ਮੁਹਰ ਲਗਾ ਦਿੱਤੀ ਗਈ। ਸਿਪਾਹੀਆਂ ਨੂੰ ਉਸ ਕਬਰ ਦੀ ਰਾਖੀ ਲਈ ਬਿਠਾ ਦਿੱਤਾ ਗਿਆ। ਇਨਸਾਨੀ ਤੌਰ 'ਤੇ ਆਦਮੀ ਉਸ ਵਿੱਚੋਂ ਲਾਸ਼ ਨਹੀਂ ਕੱਢ ਸਕਦਾ ਸੀ।

ਜਦ ਔਰਤਾਂ ਨੇ ਉਸ ਪੱਥਰ ਨੂੰ ਇਕ ਪਾਸੇ ਲੁੜਕਿਆ ਹੋਇਆ, ਅਤੇ ਕਬਰ ਨੂੰ ਖਾਲੀ ਵੇਖਿਆ ਤਾਂ ਕਿਸੇ ਨੇ ਡੰਡ ਨਹੀਂ ਪਾਈ ਕਿ ''ਉਸ ਲਾਸ਼ ਨੂੰ ਲੱਭੋ!'' ਕੋਈ ਲਾਸ਼ ਦੀ ਖੋਜ ਵਿਚ ਘਰ-ਘਰ ਨਹੀਂ ਗਿਆ। ਯਿਸੂ ਦੇ ਦੁਸ਼ਮਣਾਂ ਨੂੰ ਪਤਾ ਸੀ ਕਿ ਲਾਸ਼ ਨਹੀਂ ਮਿਲੇਗੀ! ਕਬਰ 'ਤੇ ਰੱਖਿਆ ਪੱਥਰ ਯਿਸੂ ਦੇ ਨਿਕਲਣ ਲਈ ਨਹੀਂ ਬਲਕਿ ਮਨੁੱਖ ਦੇ ਅੰਦਰ ਆਉਣ ਲਈ ਹਟਾਇਆ ਗਿਆ ਸੀ। ਯਹੂਦੀ ਆਗੂ, ਫ਼ਰੀਸੀ, ਰੋਮੀ ਸਿਪਾਹੀ, ਪਿਲਾਤੁਸ ਅਤੇ ਹੈਰੋਦੇਸ ਲਾਚਾਰ ਸਨ। ਉਨ੍ਹਾਂ ਨੂੰ ਪਤਾ ਸੀ ਕਿ ਯਿਸੂ ਜੀ ਉੱਠਿਆ ਹੈ! ਉਨ੍ਹਾਂ ਨੇ ਫ਼ੌਰਨ ਇਸ ਖ਼ਬਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ।

ਪੂਰੇ ਇਤਿਹਾਸ ਵਿਚ ਕਿਸੇ ਨੂੰ ਯਿਸੂ ਦੀ ਲਾਸ਼ ਕਦੇ ਨਹੀਂ ਮਿਲੀ। ਇਹ ਖ਼ਾਮੋਸ਼ੀ ਥਿੜਕਾ ਦੇਣ ਵਾਲੀ ਹੈ! ਕਿਸੇ ਮਨੁੱਖੀ ਲਾਸ਼ ਦਾ ਬਿਨਾ ਕੋਈ ਨਿਸ਼ਾਨ ਛੱਡੇ ਗਾਇਬ ਹੋ ਜਾਣਾ ਆਪਣੇ ਆਪ ਵਿਚ ਅਜੂਬਾ ਹੈ। ਪਹਿਲਾ ਇੰਜੀਲੀ ਸੰਦੇਸ਼ ਸੁਣਾਉਣ ਵੇਲੇ (ਰਸੂਲਾਂ ਦੇ ਕੰਮ 2) ਪਤਰਸ ਉਸ ਕਬਰਸਤਾਨ ਦੇ ਅਹਾਤੇ ਦੇ ਬਿਲਕੁਲ ਕੋਲ ਸੀ। ਤਿੰਨ ਹਜ਼ਾਰ ਲੋਕਾਂ ਨੇ ਉਹਦੇ ਸੰਦੇਸ਼ ਨੂੰ ਮੰਨਿਆ। ਉਹਨੇ ਉਨ੍ਹਾਂ ਨੂੰ ਦੱਸਿਆ, ''ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪ੍ਰਮੇਸ਼ਵਰ ਨੇ ਓਸੇ ਨੂੰ ਪ੍ਰਭੂ ਭੀ ਅਤੇ ਮਸੀਹ ਭੀ ਕੀਤਾ'' (ਰਸੂਲਾਂ ਦੇ ਕੰਮ 2:36)। ਨਾਸਤਿਕਾਂ ਕੋਲ ਇਸ ਸਵਾਲ ਦਾ ਜਵਾਬ ਨਹੀਂ ਹੈ ਕਿ ''ਉਸ ਲਾਸ਼ ਦਾ ਕੀ ਬਣਿਆ?''

(2) *ਔਰਤਾਂ।* ਜੀ ਉੱਠਿਆ ਯਿਸੂ ਸੱਭ ਤੋਂ ਪਹਿਲਾਂ ਮਰੀਅਮ ਮਗਦੀਲੀਨੀ ਨੂੰ ਵਿਖਾਈ ਦਿੱਤਾ (ਮਰਕੁਸ 16:9; ਯੂਹੰਨਾ 20:1-18)। ਔਰਤਾਂ ਕਬਰ ਤੇ ਆਈਆਂ। ਇਸ ਲਈ ਉਨ੍ਹਾਂ ਦੀ ਤਾਰੀਫ਼ ਕਰੋ! ਇਹ ਅਹਿਸਾਸ ਹੋਣ 'ਤੇ ਉਨ੍ਹਾਂ ਨੇ ਜੀ ਉੱਠਣ ਦੀ ਕਲਪਨਾ ਕਰਨ ਦੀ ਕਦੇ ਹਿੰਮਤ ਨਹੀਂ ਕੀਤੀ ਸੀ। ਉਨ੍ਹਾਂ ਦੀ ਗਵਾਹੀ ਹੋਰ ਮਜ਼ਬੂਤ ਹੋ ਜਾਂਦੀ ਹੈ। ਜਦ ਉਹ ਰਸੂਲਾਂ ਨੂੰ ਮਿਲੀਆਂ ਤਾਂ ਰਸੂਲ ਉਨ੍ਹਾਂ 'ਤੇ ਹੱਸੇ ਅਤੇ ਯਕੀਨ ਕਰਨ ਤੋਂ ਇਨਕਾਰ ਕਰ ਦਿੱਤਾ (ਮਰਕੁਸ 16:10, 11; ਲੂਕਾ 24:11)। ਯਿਸੂ ਨੇ ਇਸ ਕਰਕੇ ਰਸੂਲਾਂ ਨੂੰ ਝਿੜਕਿਆ (ਮਰਕੁਸ 16:14)। ਉਹ ਮੁਰਦਾ ਦੇਹ ਨੂੰ ਭਾਲਣ ਲਈ ਐਨੀ ਕੁ ਕੋਸ਼ਿਸ਼ ਵਿਚ ਸਨ ਕਿ ਉਨ੍ਹਾਂ ਨੇ ਜ਼ਿੰਦਾ ਮੁਕਤੀਦਾਤੇ ਨੂੰ ਪਛਾਣਿਆ ਹੀ ਨਹੀਂ!

(3) *ਯੂਹੰਨਾ।* ਯੂਹੰਨਾ ਕਬਰ 'ਤੇ ਆਇਆ, ਖਲੋਤਾ ਅਤੇ ਉਹਦੇ ਪਿੱਛੇ-ਪਿੱਛੇ ਪਤਰਸ ਅੰਦਰ ਆ ਵੜਿਆ। ਜਦ ਉਹਨੇ ਕਫ਼ਨ ਨੂੰ ਵੇਖਿਆ ਤਾਂ ਉਹਨੇ ਸਬੂਤ ਇਕੱਠੇ ਕੀਤੇ। ਉਹਨੇ

ਵੇਖਿਆ ਅਤੇ ਵਿਸ਼ਵਾਸ ਕੀਤਾ (ਯੂਹੰਨਾ 20:2-8)।

(4) *ਰਸੂਲ।* ਜੋ ਬੁਜ਼ਦਿਲ ਸਨ, ਉਹ ਸ਼ਹੀਦ ਬਣ ਗਏ! ਇਹਦੀ ਕੀ ਵਜ੍ਹਾ ਹੋ ਸਕਦੀ ਹੈ? ਜੀ ਉੱਠਣਾ! ਮੱਤੀ, ਮਰਕੁਸ, ਲੂਕਾ, ਯੂਹੰਨਾ, ਪਤਰਸ ਅਤੇ ਪੌਲੁਸ ਕਾਬਲ ਗਵਾਹ ਸਨ। ਤੁਸੀਂ ਉਨ੍ਹਾਂ ਨੂੰ ਝੂਠੇ ਆਖੋਗੇ? ਕੀ ਤੁਸੀਂ ਬਾਈਬਲ ਵਿਚਲੇ ਇੰਜੀਲ ਦੇ ਬ੍ਰਿਤਾਂਤਾਂ 'ਤੇ ਭਰੋਸਾ ਕਰ ਸਕਦੇ ਹੋ? ਵਿਦਵਾਨ ਲੋਕ ਲੂਕਾ ਨੂੰ ਅੱਵਲ ਦਰਜੇ ਦਾ ਇਤਿਹਾਸਕਾਰ ਮੰਨਦੇ ਹਨ। ਤੁਸੀਂ ਮੁੱਢਲੀ ਕਲੀਸੀਆ ਦੀ ਸ਼ੁਰੂਆਤ, ਵਿਕਾਸ ਅਤੇ ਬਣੇ ਰਹਿਣ ਦਾ ਕਾਰਣ ਕੀ ਦੱਸ ਸਕਦੇ ਹੋ? ਇਹ ਸਭ ਜੀ ਉੱਠਣ ਕਰਕੇ ਹੋਇਆ!

(5) *''ਸ਼ੱਕੀ'' ਥੋਮਾ।* ਥੋਮਾ ਯਿਸੂ ਦੀ ਮੌਤ ਨਾਲ ਪ੍ਰੇਸ਼ਾਨ ਹੋ ਗਿਆ ਸੀ। ਉਹਨੂੰ ਪਹਿਲਾਂ ਵਾਲੀ ਸੰਗਤੀ ਨਹੀਂ ਮਿਲ ਰਹੀ ਸੀ (ਵੇਖੋ ਯੂਹੰਨਾ 20:24-29)। ਇਹ ਨਾਕਾਮੀ ਉਹਦੀ ਜਾਨ ਲਈ ਖ਼ਤਰਨਾਕ ਹੋ ਸਕਦੀ ਸੀ। ਚੇਲੇ ਉਹਦੇ ਪਿੱਛੇ ਗਏ। ਸਾਨੂੰ ਅੱਜ ਇਹਨੂੰ ਸਿੱਖ ਕੇ ਅਮਲ ਵਿਚ ਲਿਆਉਣਾ ਚਾਹੀਦਾ ਹੈ (ਗਲਾਤੀਆਂ 6:1, 2; ਯਾਕੂਬ 5:19, 20; ਯਹੂਦਾ 22, 23)। ਅਗਲੀ ਵਾਰ ਉਹ ਉੱਥੇ ਸੀ। ਉਹਦੇ ਨਾਲ ਬਹੁਤੇ ਸਖ਼ਤ ਨਾ ਹੋਵੋ। ਤੁਸੀਂ ਕਦੇ ਜੀ ਉੱਠੇ ਆਦਮੀ ਨੂੰ ਵੇਖਿਆ ਹੈ? ਕੀ ਤੁਸੀਂ ਅਜਿਹੇ ਦਾਅਵੇ ਨੂੰ ਮੰਨ ਲਓਗੇ? ਥੋਮਾ ਨੇ ''ਉਂਗਲੀਆਂ ਦੇ ਟੈਸਟ'' ਦੀ ਮੰਗ ਕੀਤੀ। ਯਿਸੂ ਨੇ ਇਹਦਾ ਸਵਾਗਤ ਕੀਤਾ! ਥੋਮਾ ਬੋਲ ਉੱਠਿਆ, ''ਹੇ ਮੇਰੇ ਪ੍ਰਭੂ, ਹੇ ਮੇਰੇ ਪ੍ਰਮੇਸ਼ਵਰ!''

(6) *ਪੌਲੁਸ ਰਸੂਲ।* ਸੌਲੁਸ (ਪੌਲੁਸ) ਦੀ ਬਾਅਦ ਦੀ ਮਨਬਦਲੀ ਜੀ ਉੱਠਣ ਨੂੰ ਸਾਬਤ ਕਰਨ ਲਈ ਕਾਫ਼ੀ ਹੈ। ਰਸੂਲਾਂ ਦੇ ਕੰਮ 9 ਅਤੇ 22 ਅਧਿਆਏ ਵਿਚ ਉਹਦੀ ਕਹਾਣੀ ਪੜ੍ਹੋ। ਅਤਿਆਚਾਰੀ ਬੰਦਾ ਪ੍ਰਚਾਰਕ ਬਣ ਗਿਆ! ਕਿਉਂ? ਉਹਨੇ ਜੀ ਉੱਠੇ ਮੁਕਤੀਦਾਤੇ ਨੂੰ ਵੇਖਿਆ ਸੀ (1 ਕੁਰਿੰਥੀਆਂ 9:1; 15:8)। ਉਹਨੂੰ ਕੋਈ ਸ਼ੱਕ ਨਹੀਂ ਸੀ। ਉਹ ਆਪਣੇ ਵਿਸ਼ਵਾਸ ਅਤੇ ਪ੍ਰਚਾਰ ਲਈ ਮਰਿਆ। ਪੌਲੁਸ ਦਾ ਵਿਸ਼ਵਾਸ ਸਰੀਰਕ ਜੀ ਉੱਠਣ ਵਿਚ ਸੀ ਅਤੇ ਉਹ ਇਸੇ ਦਾ ਪ੍ਰਚਾਰ ਕਰਦਾ ਸੀ।

(7) *ਵਿਖਾਈ ਦੇਣਾ।* ਜ਼ਿਆਦਾਤਰ ਵਿਦਵਾਨ ਜੀ ਉੱਠਣ ਦੇ ਦਸ ਦਰਸ਼ਣ ਦੱਸਦੇ ਹਨ ਜਦਕਿ ਕਈ ਬਾਰਾਂ ਦੱਸਦੇ ਹਨ:

- ਮਰੀਅਮ ਮਗਦਲੀਨੀ ਨੂੰ (ਮਰਕੁਸ 16:9-11; ਵੇਖੋ ਯੂਹੰਨਾ 20:1-18)
- ਹੋਰਨਾਂ ਔਰਤਾਂ ਨੂੰ (ਮੱਤੀ 28:1-10)
- ਸ਼ਮੌਨ ਪਤਰਸ ਨੂੰ (ਲੂਕਾ 24:34)
- ਇਮਾਉਸ ਦੇ ਰਾਹ ਜਾਣ ਵਾਲੇ ਦੋ ਜਣਿਆਂ ਨੂੰ (ਲੂਕਾ 24:13-32; ਵੇਖੋ ਮਰਕੁਸ 16:12)
- ਦਸ ਰਸੂਲਾਂ ਨੂੰ, ਜਿਨ੍ਹਾਂ ਵਿਚ ਥੋਮਾ ਨਹੀਂ ਸੀ (ਯੂਹੰਨਾ 20:19-25; ਵੇਖੋ ਮਰਕੁਸ 16:14; ਲੂਕਾ 24:36-49)
- ਗਿਆਰਾਂ ਰਸੂਲਾਂ ਨੂੰ, ਥੋਮਾ ਦੇ ਨਾਲ (ਯੂਹੰਨਾ 20:26-29)
- ਗਲੀਲ ਦੀ ਝੀਲ 'ਤੇ ਸੱਤ ਚੇਲਿਆਂ ਨੂੰ (ਯੂਹੰਨਾ 21:1-23)
- ਗਲੀਲ ਵਿਚ ਗਿਆਰਾਂ ਰਸੂਲਾਂ ਨੂੰ (ਮੱਤੀ 28:16-20; ਵੇਖੋ ਮਰਕੁਸ 16:15-18)

- ਪੰਜ ਸੌ ਤੋਂ ਵੱਧ ਭਾਈਆਂ ਨੂੰ (1 ਕੁਰਿੰਥੀਆਂ 15:6)
- ਯਾਕੂਬ ਨੂੰ (1 ਕੁਰਿੰਥੀਆਂ 15:7)
- ਗਿਆਰਾਂ ਰਸੂਲਾਂ ਨੂੰ (ਲੂਕਾ 24:50-53)
- ਪੌਲੁਸ ਨੂੰ (1 ਕੁਰਿੰਥੀਆਂ 15:8; ਵੇਖੋ ਰਸੂਲਾਂ ਦੇ ਕੰਮ 9; 26)।

ਧਿਆਨ ਦਿਓ ਕਿ ਯਿਸੂ ਨੇ ਆਪਣੇ ਦੁਸ਼ਮਣਾਂ ਭਾਵ ਧਾਰਮਿਕ ਯਹੂਦੀਆਂ, ਪਿਲਾਤੁਸ ਜਾਂ ਹੈਰੋਦੇਸ ਨੂੰ ਦਰਸ਼ਨ ਨਹੀਂ ਦਿੱਤਾ। ਉਹ ਆਪਣੇ ਚੇਲਿਆਂ ਨੂੰ ਹੀ ਵਿਖਾਈ ਦਿੱਤਾ।

ਗਵਾਹਾਂ ਨੇ ਹੀ ਗੱਲ ਕੀਤੀ ਹੈ!

## ਵਿਅੰਗਾਤਮਕ ਘਟਨਾਵਾਂ

ਬਾਈਬਲ ਇਕ ਦਿਲਕਸ਼ ਕਿਤਾਬ ਹੈ। ਮਨੁੱਖ ਜਾਤੀ ਇਸ ਨੂੰ ਨਹੀਂ ਲਿਖ ਸਕਦੀ। ਜੇ ਅਸੀਂ ਇਸ ਨੂੰ ਲਿਖ ਵੀ ਸਕਦੇ ਹੁੰਦੇ ਤਾਂ ਵੀ ਨਹੀਂ ਲਿਖਣਾ ਸੀ। ਇਹ ਤੱਥ ਖ਼ੁਦਾ ਦੀ ਪ੍ਰੇਰਣਾ ਤੋਂ ਹੋਣ ਦਾ ਜ਼ਬਰਦਸਤ ਤਰਕ ਹੈ।

(1) *ਔਰਤਾਂ।* ਫ਼ਰਿਸ਼ਤੇ ਅਤੇ ਯਿਸੂ ਸਭ ਤੋਂ ਪਹਿਲਾਂ ਔਰਤਾਂ ਨੂੰ ਹੀ ਵਿਖਾਈ ਦਿੱਤੇ ਸਨ! ਔਰਤਾਂ ਮਸਾਲੇ ਲੈ ਕੇ ਆਈਆਂ ਸਨ। ਇਹ ਇਕ ਖ਼ੂਬਸੂਰਤ ਸੰਕੇਤ ਸੀ, ਪਰ ਵਿਹਾਰਕ ਨਹੀਂ ਸੀ। ਫਿਰ ਉਨ੍ਹਾਂ ਦੇ ਦਿਮਾਗ਼ ਵਿਚ ਆਇਆ ਕਿ ਉਸ ਪੱਥਰ ਨੂੰ ਕੌਣ ਹਟਾਏਗਾ? ਕਈ ਤਾਕਤਵਰ ਆਦਮੀਆਂ ਦੀ ਲੋੜ ਪੈ ਸਕਦੀ ਸੀ, ਪਰ ਇੱਕੋ ਫ਼ਰਿਸ਼ਤੇ ਨੇ ਇਸ ਪੱਥਰ ਨੂੰ ਹਟਾ ਦਿੱਤਾ!

(2) *ਸਿਪਾਹੀ।* ਕਬਰ ਦੀ ਰਾਖੀ ਕਰਦੇ ਸਿਪਾਹੀਆਂ ਦੀ ਟੋਲੀ ਨਾਲੋਂ ਹਾਸੋ-ਹੀਣੀ ਗੱਲ ਹੋਰ ਕੋਈ ਹੋ ਸਕਦੀ ਹੈ? ਉੱਥੇ ਭੂਚਾਲ ਆਇਆ ਸੀ ਅਤੇ ਉਹਦੇ ਬਾਅਦ ਫ਼ਰਿਸ਼ਤੇ ਨੇ ਪੱਥਰ ਨੂੰ ਖਿਸਕਾਇਆ ਸੀ (ਮੱਤੀ 28:2)। ਪਹਿਰੇਦਾਰ ਮੁਰਦਿਆਂ ਵਾਂਗ ਹੋ ਗਏ ਸਨ। ਭਲਾ ਉਨ੍ਹਾਂ ਨੂੰ ਡਾਂਟਿਆ ਗਿਆ ਸੀ। ਭਲਾ ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ ''ਉਸ ਲਾਸ਼ ਨੂੰ ਲੱਭੋ''? ਨਹੀਂ! ਪ੍ਰਧਾਨ ਯਾਜਕਾਂ ਨੇ ਸਿਪਾਹੀਆਂ ਨੂੰ ਇਹ ਆਖਣ ਲਈ ਕਿ ਉਹ ਸੌਂ ਗਏ ਸਨ ਕਾਫ਼ੀ ਰਿਸ਼ਵਤ ਦਿੱਤੀ (ਮੱਤੀ 28:11-15)! ਸਿਪਾਹੀ ਦੇ ਡਿਊਟੀ ਦੌਰਾਨ ਸੌਂ ਜਾਣ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ, ਪਰ ਇਸ ਮਾਮਲੇ ਵਿਚ ਕਿਸੇ ਨੂੰ ਕੋਈ ਕੀਮਤ ਨਹੀਂ ਚੁਕਾਉਣੀ ਪਈ!

(3) *ਇੰਮਾਊਸ ਦੇ ਰਾਹ ਜਾਣ ਵਾਲੇ ਚੇਲੇ।* ਯਿਸੂ ਰਾਹ ਚਲਦੇ ਹਾਰੇ ਹੋਏ ਚੇਲਿਆਂ ਦੇ ਨਾਲ ਹੋ ਤੁਰਿਆ (ਲੂਕਾ 24:13-32)। ਉਹ ਹੈਰਾਨ ਸਨ ਕਿ ਯਿਸੂ ਨੂੰ ਯਰੂਸ਼ਲਮ ਵਿਚ ਹੋਣ ਵਾਲੀ ਕਿਸੇ ਗੱਲ ਦਾ ''ਪਤਾ ਨਹੀਂ'' ਸੀ। ਅਸਲ 'ਚ ਉਨ੍ਹਾਂ ਨੂੰ ਆਪ ਪਤਾ ਨਹੀਂ ਸੀ! ਹਾਸੋ-ਹੀਣੇ ਢੰਗ ਨਾਲ ਯਿਸੂ ਲਿਖਤਾਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਇੰਜੀਲ ਸੁਣਾ ਰਿਹਾ ਸੀ। ਉਨ੍ਹਾਂ ਨੇ ਯਿਸੂ ਨੂੰ ਉਦੋਂ ਤਕ ਨਹੀਂ ਪਛਾਣਿਆ ਜਦ ਤਕ ਉਹਨੇ ਬਰਕਤ ਦੇ ਕੇ ਰੋਟੀ ਨਹੀਂ ਤੋੜੀ।

## ਜੀ ਉੱਠਣ ਦੀ ਸ਼ਕਤੀ

ਉਹੀ ਸ਼ਕਤੀ ਜਿਹਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ, ਪਾਪੀਆਂ ਨੂੰ ਨਵੀਂ ਜ਼ਿੰਦਗੀ ਦੇ ਸਕਦੀ ਹੈ। ਇਹ ਨਵੀਂ ਜ਼ਿੰਦਗੀ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ

ਉੱਠਣ ਵਿਚ ਬਪਤਿਸਮਾ ਲੈਣ ਨਾਲ ਸ਼ੁਰੂ ਹੁੰਦੀ ਹੈ (ਰੋਮੀਆਂ 6:3-7)। ਪਾਪੀ ਨੂੰ ਮਿਲਣ ਵਾਲੀ ਸਭ ਤੋਂ ਵੱਡੀ ਬਰਕਤ ਮਸੀਹ ਨਾਲ ਅਤੇ ਮਸੀਹ ਵਿਚ ਬਪਤਿਸਮਾ ਲੈਣ ਲਈ ਦਫ਼ਨਾਏ ਜਾਣਾ ਹੈ। ਪੌਲੁਸ ਨੇ ਕਿਹਾ, ''... ਤਾਂ ਜੋ ਮੈਂ ਉਹਨੂੰ ਅਤੇ ਉਹਦੇ ਜੀ ਉੱਠਣ ਦੀ ਸ਼ਕਤੀ ਨੂੰ ਜਾਣ ਸਕਾਂ'' (ਵੇਖੋ ਫ਼ਿਲਿੱਪੀਆਂ 3:7-11)। ਕਲੀਸੀਆ ਦਾ ਦਿਲ ਅਤੇ ਜਾਨ ਗੁਆਚੇ ਹੋਇਆਂ ਨੂੰ ਲੱਭਣਾ ਅਤੇ ਬਚਾਉਣਾ ਹੈ। ਇਹ ਕੰਮ ਇੰਜੀਲ ਦੀ ਸ਼ਕਤੀ ਭਾਵ ਜੀ ਉੱਠੇ ਪ੍ਰਭੂ ਦੇ ਸੰਦੇਸ਼ ਰਾਹੀਂ ਕੀਤਾ ਜਾਂਦਾ ਹੈ। ਸਲੀਬ ਜਿੱਤ ਪਾਈ ਹੋਈ ਫ਼ਤਹਿ ਸੀ ਜਦਕਿ ਜੀ ਉੱਠਣਾ ਕਬੂਲ ਕੀਤੀ ਗਈ ਕੁਰਬਾਨੀ ਭਰੀ ਮੌਤ, ਜਿਸ ਨੂੰ ਖ਼ੁਦਾ ਵੱਲੋਂ ਮਾਨਤਾ ਦਿੱਤੀ ਗਈ ਅਤੇ ਉਸ ਦੇ ਦਸਤਖ਼ਤ ਕੀਤੇ ਗਏ। ਮੌਤ ਯਿਸੂ ਨੂੰ ਵੱਸ ਵਿਚ ਨਹੀਂ ਰੱਖ ਸਕੀ (ਰਸੂਲਾਂ ਦੇ ਕੰਮ 2:22-36)। ਯਿਸੂ ਨੇ ਮੌਤ ਵਿਚ ਮੌਤ ਨੂੰ ਹਰਾ ਕੇ ਖ਼ਤਮ ਕਰ ਦਿੱਤਾ (2 ਤਿਮੋਥਿਉਸ 1:10)। ਸਲੀਬ ''ਮੌਤ ਦੀ ਮੌਤ'' ਦੀ ਨਿਸ਼ਾਨੀ ਹੈ। ਯਿਸੂ ਨੇ ਸ਼ੈਤਾਨ ਤੋਂ ਮੌਤ ਦੀ ਸ਼ਕਤੀ ਲੈ ਕੇ ਸਾਨੂੰ ਮੌਤ ਦੇ ''ਡੰਗ'' ਤੋਂ ਅਜ਼ਾਦ ਕਰ ਦਿੱਤਾ (1 ਕੁਰਿੰਥੀਆਂ 15:54-57)। ਪਾਪੀ ਲੋਕ ਮਸੀਹ ਦੀ ਮੌਤ ਦੇ ਰਾਹੀਂ ਬਚਾਏ ਜਾਂਦੇ ਹਨ ਨਾ ਕਿ ਉਹਦੇ ਜੀ ਉੱਠਣ ਨਾਲ।

ਆਪਣੀ ਮੌਤ ਰਾਹੀਂ ਯਿਸੂ ਸਾਨੂੰ ਪਾਪ ਅਤੇ ਮੌਤ ਦੀ ਸ਼ਰ੍ਹਾ ਤੋਂ ਬਚਾਉਂਦਾ ਹੈ (ਰੋਮੀਆਂ 8:1, 2)। ਪਾਪ ਨੂੰ ਜਿੱਤਣਾ ਮੌਤ ਨੂੰ ਖ਼ਤਮ ਕਰਨਾ ਹੈ। ਯਿਸੂ ਆਪਣਾ ਲਹੂ ਲੈ ਕੇ ਸੁਰਗ ਵਿਚ ਪਰਗਟ ਹੋਇਆ (ਇਬਰਾਨੀਆਂ 10)। ਉਹ 'ਅਮਰਤਾ ਅਤੇ ਜੀਵਨ'' ਹੀ ਨਹੀਂ ਬਲਕਿ ''ਜੀ ਉੱਠਣ ਅਤੇ ਜੀਵਨ'' ਵੀ ਹੈ (ਯੂਹੰਨਾ 11:25, 26)। ਨਰਕ ਅਵਿਨਾਸ਼ੀ ਹੈ। ਸਾਡੀਆਂ ਰੂਹਾਂ ਅਵਿਨਾਸ਼ੀ ਹਨ। ਯਿਸੂ ਅਨਾਦੀ ''ਜੀ ਉੱਠਣ'' ਹੈ! ਪੌਲੁਸ ਨੇ ਸਾਡੇ ਬਦਲਣ ਦਾ ਵਾਅਦਾ ਕੀਤਾ (1 ਕੁਰਿੰਥੀਆਂ 15:50-58)। ਜੇ ਮਸੀਹ ਜੀ ਨਹੀਂ ਉੱਠਿਆ ਹੈ, ਤਾਂ ਸਾਡਾ ਵਿਸ਼ਵਾਸ ਥੋਥਾ ਹੈ (1 ਕੁਰਿੰਥੀਆਂ 15:12-19)।

ਯਿਸੂ ਦਾ ਜੀ ਉੱਠਣਾ ਸਾਡੇ ਜੀ ਉੱਠਣ ਦੀ ਗਰੰਟੀ ਦਿੰਦਾ ਹੈ। ਖ਼ੁਦਾ ਨੇ ਜੋ ਕੁਝ ਯਰੂਸ਼ਲਮ ਦੇ ਕਬਰਸਤਾਨ ਵਿਚ ਯਿਸੂ ਲਈ ਕੀਤਾ ਉਹੀ ਉਹ ਸਾਡੇ ਲਈ ਵੀ ਕਰੇਗਾ। ਸਾਨੂੰ ਮਰਨ ਲਈ ਨਹੀਂ ਬਲਕਿ ਜੀਉਣ ਲਈ ਬਣਾਇਆ ਗਿਆ ਸੀ। *ਇਸ ਵੇਲੇ* ਜੀ ਉੱਠਣ ਦੀ ਸਿੱਖਿਆ ਅਤੇ ਆਸ ਕੀ ਹੈ? ਮੇਰੀ ਜ਼ਿੰਦਗੀ ਫ਼ਜ਼ੂਲ ਨਹੀਂ ਹੈ; ਇਹਦਾ ਕੋਈ ਮਕਸਦ ਹੈ। ਮੇਰੀਆਂ ਨਾਕਾਮੀਆਂ ਮੇਰੀ ਤਕਦੀਰ ਨਹੀਂ ਹਨ; ਉਹ ਮਾਫ਼ ਕਰ ਦਿੱਤੀਆਂ ਗਈਆਂ ਹਨ। ਮੇਰੀ ਮੌਤ ਅਖ਼ੀਰ ਨਹੀਂ ਹੈ; ਇਹਦੇ ਬਾਅਦ ਜੀ ਉੱਠਣਾ ਹੋਵੇਗਾ। ਕਿੰਨੀ ਵਧੀਆ ਆਸ ਹੈ! ਅਸੀਂ ਯਿਸੂ ਵਰਗੇ ਹੋਵਾਂਗੇ! ਜਦ ਉਹ ਸਲੀਬ 'ਤੇ ਸੀ ਤਾਂ ਸ਼ੈਤਾਨ ਨੂੰ ਹਰਾਇਆ ਗਿਆ ਸੀ, ਪਾਪ 'ਤੇ ਜਿੱਤ ਪਾਈ ਗਈ ਸੀ ਅਤੇ ਮੌਤ ਨੂੰ ਖ਼ਤਮ ਕੀਤਾ ਗਿਆ ਸੀ। ''ਪਰ ਧੰਨਵਾਦ ਹੈ ਪ੍ਰਮੇਸ਼ਵਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫ਼ਤਹਿ ਬਖ਼ਸ਼ਦਾ ਹੈ'' (1 ਕੁਰਿੰਥੀਆਂ 15:57)।

*ਸਲੀਬ ...*
*ਹੋਰ ਰਾਹ ਹੀ ਨਹੀਂ!*